ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ। ਫੈਕਸ : 2614622, ਫੋਨ : 5022301, 5022367, 5022364, 5022357
ਵੈਬਸਾਇਟ : www.dtepunjab.gov.in, ਈ-ਮੇਲ : dit_trg@yahoo.in

ਟ੍ਰੇਨਿੰਗ ਸ਼ਾਖਾ ਮੀਮੋ ਨੰ:ਆਈਟੀ/ਟ੍ਰੇ/3/ਦਾਖਲਾ ਨੋਟਿਸ 2011/ 7331 ਮਿਤੀ:- 5-7-11

ਸੇਵਾ ਵਿਖੇ,

ਡਾਇਰੈਕਟਰ,
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ।

ਵਿਸ਼ਾ:- **ਦਾਖਲੇ ਦੇ ਵਿਗਿਆਪਨ ਸਬੰਧੀ।**

ਆਪ ਨੂੰ ਪੰਜਾਬ ਰਾਜ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾ ਅਨੁਸੂਚਿਤ ਜਾਤੀਆਂ ਦੇ ਦਾਖਲੇ ਲਈ ਵਿਗਿਆਪਨ ਦੇ ਖਰੜੇ ਦੀਆਂ 05 ਕਾਪੀਆਂ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਦਾਖਲੇ ਸਬੰਧੀ ਸੈਸ਼ਨ 2011 ਦਾ ਵਿਗਿਆਪਨ ਪੰਜਾਬ ਕੇਸਰੀ ਅਤੇ ਅਜੀਤ ਅਖਬਾਰਾਂ ਵਿੱਚ ਮਿਤੀ 30-06-11 ਨੂੰ ਪ੍ਰਕਾਸਿਤ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ । ਵਿਗਿਆਪਨ ਦੇ ਬਿੱਲਾਂ ਦੀ ਅਦਾਇਗੀ ਸਬੰਧੀ ਵਿਭਾਗ ਦੇ ਉਪ ਕੰਟਰੋਲਰ (ਵਿਤ ਤੇ ਲੇਖਾ) ਉਦਯੋਗਿਕ ਸਿਖਲਾਈ ਵਿੰਗ ਨਾਲ ਸੰਪਰਕ ਕੀਤਾ ਜਾਵੇ ।

ਨੱਥੀ: ਉਕਤ ਅਨੁਸਾਰ ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰ:ਆਈਟੀ/ਟ੍ਰੇ/ਦਾਖਲਾ/ 7332 ਮਿਤੀ, ਚੰਡੀਗੜ੍ਹ 5-7-11

ਉਪਰੋਕਤ ਦਾ ਉਤਾਰਾ ਉਪ ਕੰਟਰੋਲਰ (ਵਿਤ ਤੇ ਲੇਖਾ) ਉਦਯੋਗਿਕ ਸਿਖਲਾਈ ਵਿੰਗ ਮੁੱਖ ਦਫ਼ਤਰ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰ: ਆਈਟੀ/ਟ੍ਰੇ/ਦਾਖਲਾ/2011/ 7335-7684 ਮਿਤੀ: 5-7-11

ਇਸ ਦਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਵਿਭਾਗ,ਪੰਜਾਬ,ਚੰਡੀਗੜ੍ਹ।
3. ਡਾਇਰੈਕਟਰ, ਸੈਨਿਕ ਭਲਾਈ ਵਿਭਾਗ,ਪੰਜਾਬ,ਚੰਡੀਗੜ੍ਹ।
4. ਸਕੱਤਰ, ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਅਤੇ ਇੰਡਸਟਰੀਅਲ ਟਰੇਨਿੰਗ ਸੈਕਟਰ 36-ਏ ਚੰਡੀਗੜ੍ਹ।
5. ਮੁੱਖ ਦਫਤਰ ਦੇ ਸਾਰੇ ਅਧਿਕਾਰੀ ਸਿਵਾਏ ਮਾਨਯੋਗ ਡਾਇਰੈਕਟਰ ਸਾਹਿਬ।
6. ਪੀ.ਏ. ਟੂ ਮਾਨਯੋਗ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
7. ਮੁੱਖ ਦਫ਼ਤਰ ਦੇ ਸਾਰੀਆਂ ਸ਼ਾਖਾਵਾਂ ਦੇ ਸੁਪਰਡੰਟ
8. ਪੰਜਾਬ ਰਾਜ ਦੀਆਂ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ।
ਸੈਕਟਰ 36-ਏ, ਪਲਾਟ ਨੰ: 1-ਏ, ਚੰਡੀਗੜ੍ਹ।
website: www.dtepunjab.gov.in, e-mail: dit_trg@yahoo.in
Fax: 2614622, Phone: 5022301, 5022367, 5022364, 5022357

(ਉਯੋਗਿਕ ਸਿਖਲਾਈ ਵਿੰਗ)

ਦਾਖਲਾ ਨੋਟਿਸ ਸੈਸ਼ਨ 2011

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਸੈਂਟਰ ਆਫ ਐਕਸੀਲੈਂਸ, ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਕੇਂਦਰਾਂ ਵਿੱਚ ਕਰਾਫਟਸਮੈਨ ਸਕੀਮ ਅਧੀਨ ਨੈਸਨਲ ਕੋਸਿਲ ਫਾਰ ਵੋਕੇਸ਼ਨਲ ਟ੍ਰੇਨਿੰਗ ਕੋਰਸਾਂ ਲਈ ਅਤੇ ਸਟੇਟ ਕੋਸਿਲ ਫਾਰ ਵੋਕੇਸ਼ਨਲ ਟ੍ਰੇਨਿੰਗ (ਆਰਟ ਐਂਡ ਕਰਾਫਟਸ ਟੀਚਰ ਟ੍ਰੇਨਿੰਗ ਕੋਰਸ/ ਪੰਜਾਬੀ ਸਟੈਨੋਗ੍ਰਾਫੀ) ਕੋਰਸਾਂ ਲਈ ਸੈਸ਼ਨ 2011 (ਪਹਿਲੀ, ਦੂਜੀ ਤੇ ਤੀਜੀ ਕੌਂਸਲਿੰਗ) ਵਿਚ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ। ਇਹ ਦਾਖਲਾ ਸਬੰਧਤ ਸੰਸਥਾਵਾਂ ਵਿਚ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਦਾਖਲਾ ਚੋਣ ਕਮੇਟੀ ਵਲੋਂ ਕੀਤਾ ਜਾਵੇਗਾ:-

	ਪਹਿਲੀ ਕੌਂਸਲਿੰਗ	
ਅਰਜੀਆਂ ਲੈਣ ਦੀ ਆਖਰੀ ਮਿਤੀ:	27-07-2011	**ਬੁੱਧਵਾਰ**
ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ	29-07-2011	**ਸ਼ੁਕਰਵਾਰ**
ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ	01-08-2011	ਸੋਮਵਾਰ
ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ:	02-08-2011	ਮੰਗਲਵਾਰ
ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ:	03-08-2011	ਬੁੱਧਵਾਰ
ਕਲਾਸਾਂ ਲਗਾਉਣ ਦੀ ਮਿਤੀ	04-08-2011	**ਵੀਰਵਾਰ**
	ਦੂਜੀ ਕੌਂਸਲਿੰਗ	
ਅਰਜੀਆਂ ਲੈਣ ਦੀ ਆਖਰੀ ਮਿਤੀ:	19-08-2011	**ਸ਼ੁਕਰਵਾਰ**
ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ	23-08-2011	**ਮੰਗਲਵਾਰ**
ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ	24-08-2011	ਬੁੱਧਵਾਰ
ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ:	25-08-2011	ਵੀਰਵਾਰ
ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ:	26-08-2011	ਸ਼ੁੱਕਰਵਾਰ
ਕਲਾਸਾਂ ਲਗਾਉਣ ਦੀ ਮਿਤੀ	29-08-2011	**ਸੋਮਵਾਰ**
	ਤੀਜੀ ਕੌਂਸਲਿੰਗ	
ਅਰਜੀਆਂ ਲੈਣ ਦੀ ਆਖਰੀ ਮਿਤੀ:	16-09-2011	**ਸ਼ੁਕਰਵਾਰ**
ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ	19-09-2011	**ਸੋਮਵਾਰ**
ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ	20-09-2011	ਮੰਗਲਵਾਰ
ਸਮੂਹ ਕੈਟਾਗਰੀਆਂ ਦੀ ਇੰਟਰਵਿਉ ਲਈ ਮਿਤੀ (ਜਨਰਲ ਤੇ ਰਿਜਰਵ ਕੈਟਾਗਰੀਆਂ) ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਉ ਦੀ ਮਿਤੀ:	21-09-2011	ਬੁੱਧਵਾਰ
ਸਮੂਹ ਰਿਜਰਵ ਕੈਟਾਗਰੀ ਨਾਲ ਸਬੰਧਤ ਜੋ ਸੀਟਾਂ ਮਿਤੀ 21-09-2011 **ਨੂੰ ਖਾਲੀ ਰਹਿ ਜਾਣਗੀਆਂ, ਉਹ ਮਿਤੀ 22-09-2011 ਨੂੰ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਦੇ ਰਾਂਹੀਂ ਭਰੀਆਂ ਜਾਣਗੀਆਂ। ਇਸ ਤੋਂ ਇਲਾਵਾ ਰਾਜ ਸਰਕਾਰ ਦੀ ਨੋਟੀਫਿਕੇਸ਼ਨ ਨੰ: 2/12/2005-2TE (1)980, ਮਿਤੀ: 23-6-05 ਦੇ ਪੈਰਾ 5(C) ਅਨੁਸਾਰ ਦਾਖਲਾ ਕਰਨ ਦੀ ਮਿਤੀ:**	22-09-2011	ਵੀਰਵਾਰ
ਕਲਾਸਾਂ ਲਗਾਉਣ ਦੀ ਮਿਤੀ:	23-09-2011	**ਸ਼ੁਕਰਵਾਰ**

1. ਰਿਜਰਵ ਕੈਟਾਗਰੀ ਵਿਰੁੱਧ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀ ਦੇ ਜਿਨ੍ਹਾਂ ਉਮੀਦਵਾਰਾਂ ਦੇ ਮਾਪੇ/ਗਾਰਡੀਅਨ ਦੀ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਹੈ। ਉਹ ਨਾਨ ਰਿਫੰਡਏਬਲ/ ਟਿਉਸ਼ਨ ਫੀਸ ਮੁਆਫ ਕਰਵਾਉਣ ਲਈ ਦਰਜਾ ਇਕ ਮੈਜਿਰਸਟਰੇਟ ਤੋਂ ਆਮਦਨ ਸਬੰਧੀ ਸਵੈ ਘੋਸ਼ਨਾ/ ਵੱਚਨ ਬੱਧਤਾ ਲੈ ਕੇ ਆਉਣ।

2. ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿਚ ਦਾਖਲੇ ਲਈ ਪ੍ਰਿੰਟਿਡ ਪ੍ਰਾਸਪੈਕਟਸ ਨਿਰਧਾਰਤ ਕੀਮਤ 75/-ਰੁਪਏ (ਕੇਵਲ ਪਝੱਤਰ ਰੁਪਏ) ਤੇ ਸਬੰਧਤ ਸਰਕਾਰੀ ਸੰਸਥਾ ਵਿੱਚੋ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਦਾਖਲੇ ਸਬੰਧੀ ਸਾਰੀਆਂ ਸ਼ਰਤਾਂ ਦਿੱਤੀਆਂ ਹੋਈਆਂ ਹਨ। ਗੈਰ ਸਰਕਾਰੀ ਸੰਸਥਾਵਾਂ ਵਲੋਂ ਵੀ ਸਰਕਾਰੀ ਪ੍ਰਾਸਪੈਕਟ ਦੇ ਦਾਖਲਾ ਫਾਰਮ ਤੇ ਹੀ ਬਿਨੈ-ਪੱਤਰ ਪ੍ਰਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ ਪ੍ਰਾਸਪੈਕਟਸ ਅਤੇ ਦਾਖਲਾ ਫਾਰਮ ਵਿਭਾਗ ਦੀ ਵੈਬਸਾਇਟ http:/www.dtepunjab.gov.in ਤੇ ਉਪਲਬੱਧ ਹੈ ਜਾਂ ਦਾਖਲੇ ਲਈ ਚਾਹਵਾਨ ਬਿਨੈਕਾਰ ਪ੍ਰਾਸਪੈਕਟ ਅਤੇ ਦਾਖਲਾ ਫਾਰਮ ਵੈਬਸਾਇਟ ਤੋਂ down load ਕਰਕੇ ਅਪਲਾਈ ਕਰ ਸਕਦੇ ਹਨ। ਵੈਬਸਾਇਟ ਤੋਂ ਦਾਖਲਾ ਫਾਰਮ down load ਕਰਕੇ ਸਬੰਧਤ ਸੰਸਥਾ ਵਿੱਚ 25/- ਰੁਪਏ ਦੀ ਫੀਸ ਨਾਲ ਅਪਲਾਈ ਕਰਨਗੇ।

ਜ਼ਰੂਰੀ ਨੋਟ

1. ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ।
2. ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।
3. ਇੰਟਰਵਿਊ ਵਾਲੇ ਦਿਨ ਹਾਜਰੀ ਲਗਾਉਣ ਦਾ ਸਮਾਂ ਸਵੇਰੇ 9.00 ਵਜੇ ਤੋਂ 11.00 ਵਜੇ ਤੱਕ ਹੋਵੇਗਾ। ਜਿਹੜਾ ਉਮੀਦਵਾਰ ਨਿਰਧਾਰਤ ਸਮੇਂ ਤੇ ਹਾਜਰ ਨਹੀਂ ਹੋਵੇਗਾ, ਉਸ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ
4. ਜੇਕਰ ਕੋਈ ਉਮੀਦਵਾਰ ਦਾਖਲਾ ਫਾਰਮ ਦੇਣ ਸਮੇਂ ਆਪਣੀ ਕੈਟਾਗਰੀ ਦਾ ਸਬੂਤ ਨਾਲ ਨੱਥੀ ਨਹੀਂ ਕਰੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਅਤੇ ਬਾਅਦ ਵਿੱਚ ਕੋਈ ਅਦਲਾ ਬਦਲੀ ਨਹੀਂ ਹੋਵੇਗੀ।
5. ਦਾਖਲਾ ਫਾਰਮ ਦੇਣ ਉਪਰੰਤ ਉਮੀਦਵਾਰ ਉਸ ਦੀ ਰਸੀਦ ਪ੍ਰਾਪਤ ਕਰ ਲਵੇ।
6. ਜੇਕਰ ਕਿਸੇ ਉਮੀਦਵਾਰ ਦਾ ਨਾਮ ਤਿਆਰ ਕੀਤੀ ਮੈਰਿਟ ਸੂਚੀ ਵਿੱਚ ਨਹੀਂ ਆਉਂਦਾ ਤਾਂ ਉਹ ਇੰਟਰਵਿਊ ਮਿਤੀ ਤੋਂ ਪਹਿਲਾਂ ਸੰਸਥਾ ਦੇ ਮੁੱਖੀ ਨਾਲ ਸਿੱਧੇ ਤੌਰ ਤੇ ਸਪੰਰਕ ਕਰ ਸਕਦਾ ਹੈ, ਜਿਸ ਸੰਸਥਾ ਵਿੱਚ ਉਸ ਨੇ ਦਾਖਲੇ ਲਈ ਫਾਰਮ ਭੇਜਿਆ/ ਦਿੱਤਾ ਹੈ।
7. ਦਾਖਲੇ ਲਈ ਵਿਦਿਅਕ ਯੋਗਤਾਵਾਂ ਵੱਖ ਵੱਖ ਟਰੇਡਾਂ ਲਈ ਮਿੱਥੇ ਵਿਸ਼ੇ ਪ੍ਰਾਸਪੈਕਟ ਵਿਚ ਉਪਲਬਧ ਹਨ। (ਵਿਭਾਗ ਦੀ ਵੈਬਸਾਇਟ ਤੇ ਉਪਲਬੱਧ ਹਨ)
8. ਇੰਟਰਵਿਊ ਦਾ ਸਥਾਨ ਸਰਕਾਰੀ ਪ੍ਰਾਸਪੈਕਟ ਵਿੱਚ ਦਰਸਾਈ ਸਰਕਾਰੀ ਸੰਸਥਾ ਵਿੱਚ ਹੋਵੇਗਾ। (ਵਿਭਾਗ ਦੀ ਵੈਬਸਾਇਟ ਤੇ ਉਪਲਬੱਧ ਹਨ)
9. ਦੂਜੇ ਰਾਜਾਂ ਦੇ ਵਸਨੀਕ ਉਮੀਦਵਾਰਾਂ ਲਈ 15% ਸੀਟਾਂ ਨਿਰੋਲ ਮੈਰਿਟ ਤੇ, ਜਨਰਲ ਕੈਟਾਗਰੀ ਵਿਚੋਂ ਉਪਲਬਧ ਹੋਣਗੀਆਂ। ਕਿਸੇ ਵੀ ਹਾਲਤ ਵਿੱਚ ਇਹ ਸੀਟਾਂ, ਨਿਰਧਾਰਤ ਸੀਟਾਂ ਤੋਂ ਵੱਧ ਨਹੀਂ ਭਰੀਆਂ ਜਾਣਗੀਆਂ। ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:2/12/2005-2-TE(1) 980 ਮਿਤੀ: 23-06-05 ਅਨੁਸਾਰ ਭਰੀਆਂ ਜਾਣਗੀਆਂ।
10. ਉਮੀਦਵਾਰ ਸਬੰਧਤ ਸੰਸਥਾ ਵਿੱਚ ਦਾਖਲੇ ਲਈ ਉਪਲਬਧ ਸੀਟਾਂ ਸਬੰਧੀ ਜਾਣਕਾਰੀ ਸਬੰਧਤ ਸੰਸਥਾ ਦੇ ਮੁੱਖੀ ਤੋਂ ਲੈ ਸਕਦੇ ਹਨ। ਵਿਭਾਗ ਕਿਸੇ ਵੀ ਸਮੇਂ ਕਿਸੇ ਵੀ ਸੰਸਥਾ ਵਿਖੇ ਕਿਸੇ ਵੀ ਟਰੇਡ ਦਾ ਦਾਖਲਾ ਰੋਕ ਸਕਦਾ ਹੈ।
11. ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਸਭ ਦੀ ਮੈਰਿਟ ਲਿਸਟ ਕੈਟਾਗਿਰੀ ਵਾਇਜ਼ ਬਣਾਈਆਂ ਜਾਣਗੀਆਂ।
12. ਜਿਹੜਾ ਉਮੀਦਵਾਰ ਰਿਜ਼ਰਵ ਕੈਟਾਗਰੀ (ਐਸ.ਸੀ ਅਤੇ ਬੀ.ਸੀ.) ਨਾਲ ਸਬੰਧਤ ਹੈ, ਉਹ ਜਨਰਲ ਕੈਟਾਗਰੀ ਦੀ ਇੰਟਰਵਿਉ ਦੀ ਮਿਤੀ ਵਾਲੇ ਦਿਨ ਵੀ ਦਾਖਲਾ ਲੈ ਸਕਦਾ ਹੈ। ਜੇਕਰ ਉਸ ਦਿਨ ਉਸ ਦੀ ਮੰਨ-ਪਸੰਦ ਟਰੇਡ ਨਹੀਂ ਮਿਲਦੀ ਤਾਂ ਉਹ ਰਿਜ਼ਰਵ ਕੈਟਾਗਰੀ ਦੀ ਮੈਰਿਟ ਅਨੁਸਾਰ ਵੀ ਰਿਜਰਵ ਕੈਟਾਗਰੀ ਦੀ ਇੰਟਰਵਿਊ ਵਾਲੇ ਦਿਨ ਦਾਖਲਾ ਲੈ ਸਕਦਾ ਹੈ। ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ ਇਸ ਅਨੁਸਾਰ ਜਨਰਲ ਕੈਟਾਗਰੀ ਲਈ ਮੈਰਿਟ ਲਿਸਟ ਤਿਆਰ ਕਰਨਗੇ ਜਿਸ ਵਿੱਚ ਰਿਜ਼ਰਵ ਕੈਟਾਗਰੀ (ਐਸ.ਸੀ ਅਤੇ ਬੀ.ਸੀ.) ਨਾਲ ਸਬੰਧਤ ਉਮੀਦਵਾਰ ਵੀ ਹੋਣਗੇ।
13. ਉਮੀਦਵਾਰਾਂ ਵਲੋ ਇੰਟਰਵਿਊ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ, ਉਨ੍ਹਾਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
14. ਦਾਖਲੇ ਵਿੱਚ ਰਿਜ਼ਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ।
15. ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਸਰਟੀਫਿਕੇਟ ਲੇਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਰਿਜ਼ਰਵ ਕੈਟਾਗਰੀ ਵਜੋਂ ਵਿਚਾਰਿਆ ਨਹੀ ਜਾਵੇਗਾ।
16. ਜੇਕਰ ਕੌਂਸਲਿੰਗ ਸ਼ੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸਤੋਂ ਹੇਠਾ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ। ਲੇਟ ਆਉਣ ਦੀ ਸੂਰਤ ਵਿੱਚ ਉਸਦਾ ਉਸ ਟਰੇਡ ਦੀ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ।
17. ਉਮੀਦਵਾਰਾਂ ਵਲੋਂ ਪਹਿਲੀ ਕੌਂਸਲਿੰਗ ਦੌਰਾਨ ਪ੍ਰਾਪਤ ਹੋਈਆਂ ਅਰਜੀਆਂ, ਜਿੰਨਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ (ਇਸ ਸਬੰਧੀ ਸਬੰਧਤ ਉਮੀਦਵਾਰ ਨੂੰ ਸਬੰਧਤ ਸੰਸਥਾ ਦੇ ਮੁੱਖੀ ਨੂੰ ਸਾਦੀ ਅਰਜੀ ਦੇਣੀ ਹੋਵੇਗੀ), ਨੂੰ ਦੂਜੀ ਕੌਂਸਲਿੰਗ ਵਿਚ ਵਿਚਾਰਿਆ ਜਾਵੇ।

ਇਸੇ ਤਰਾਂ ਦੂਜੀ ਕੌਂਸਲਿੰਗ ਦੌਰਾਨ ਪ੍ਰਾਪਤ ਹੋਈਆਂ ਅਰਜੀਆਂ, ਜਿੰਨਾਂ ਨੂੰ ਦੂਜੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ (ਇਸ ਸਬੰਧੀ ਸਬੰਧਤ ਉਮੀਦਵਾਰ ਨੂੰ ਸਬੰਧਤ ਸੰਸਥਾ ਦੇ ਮੁੱਖੀ ਨੂੰ ਸਾਦੀ ਅਰਜੀ ਦੇਣੀ ਹੋਵੇਗੀ), ਨੂੰ ਤੀਜੀ ਕੌਂਸਲਿੰਗ ਵਿਚ ਵਿਚਾਰਿਆ ਜਾਵੇ।

18. ਚੁਣੇ ਗਏ ਉਮੀਦਵਾਰਾਂ ਵਲੋਂ ਉਸੇ ਦਿਨ ਸਕਿਓਰਟੀ, ਫੀਸ, ਜ਼ਰੂਰੀ ਫੰਡਜ਼ ਪ੍ਰਾਸਪੈਕਟ ਵਿੱਚ ਦਰਸਾਏ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ।
19. ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।
20. ਜਿਨ੍ਹਾਂ ਕੇਂਦਰਾਂ ਦੇ ਡੀ.ਜੀ.ਈ. ਅਤੇ ਟੀ. ਭਾਰਤ ਸਰਕਾਰ ਨਾਲ ਯੂ.ਸੀ. (Under Consideration) ਕੇਸ ਹਨ ਜਾਂ ਡੀ.ਜੀ.ਈ. ਟੀ ਵਲੋਂ ਕਿਸੇ ਟ੍ਰੇਡ/ਯੂਨਿਟ ਨੂੰ ਰੱਦ ਕੀਤਾ ਗਿਆ ਹੈ ਉਹ ਵੀ ਦਾਖਲਾ ਨਹੀਂ ਕਰਨਗੇ।
21. ਗੈਰ-ਸਰਕਾਰੀ ਕੇਂਦਰਾਂ ਵਲੋਂ ਵਿਭਾਗ ਪਾਸ ਦਾਖਲੇ ਦੀਆਂ ਮਿਤੀਆਂ ਤੋਂ ਪਹਿਲਾਂ ਸਵੈ-ਘੋਸ਼ਨਾ ਪੱਤਰ ਪੇਸ਼ ਕੀਤਾ ਗਿਆ ਹੈ, ਅਨੁਸਾਰ ਦਾਖਲਾ ਸਲਿੱਪ ਪ੍ਰਾਪਤ ਕਰਨ ਉਪਰੰਤ ਦਾਖਲਾ ਕੀਤਾ ਜਾਵੇ। ਸਬੰਧਤ ਅਬਜਰਵਰਾਂ ਵਲੋਂ ਗੈਰ-ਸਰਕਾਰੀ ਕੇਂਦਰਾਂ ਤੋਂ ਦਾਖਲਾ ਸਲਿੱਪ ਦੇ ਸਬੂਤ ਪ੍ਰਾਪਤ ਕਰਨ ਉਪਰੰਤ ਦਾਖਲਾ ਕੀਤਾ ਜਾਵੇ।
22. ਉਮੀਦਵਾਰ ਵਲੋਂ ਜਿਸ ਟਰੇਡ ਵਿਚ ਦਾਖਲਾ ਲਿਆ ਜਾਣਾ ਹੈ, ਇਸ ਦੀ ਐਫੀਲੇਸ਼ਨ ਸਬੰਧੀ ਸਬੰਧਤ ਸੰਸਥਾ/ ਕੇਂਦਰ ਤੋਂ ਪਤਾ ਕਰਕੇ ਦਾਖਲਾ ਲਿਆ ਜਾਵੇ ਤਾਂ ਜੋ ਬਾਦ ਵਿਚ ਨੈਸ਼ਨਲ ਟਰੇਡ ਸਰਟੀਫਿਕੇਟ ਲੈਣ ਸਬੰਧੀ ਕੋਈ ਦਿੱਕਤ ਪੇਸ਼ ਨਾ ਆਵੇ।
23. ਵਿਭਾਗ / ਰਾਜ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ।
24. ਡੀ.ਜੀ.ਈ.ਟੀ., ਭਾਰਤ ਸਰਕਾਰ ਤੋਂ ਪ੍ਰਾਪਤ ਪ.ਨੰ: DGET-6/misc/advt./2010-TC Dated 27-04-10 ਦੀਆਂ ਹੇਠ ਦਿੱਤੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸੰਸਥਾ ਵਿਚ ਦਾਖਲਾ ਲੈਣ ਤੋਂ ਪਹਿਲਾਂ ਸੰਸਥਾ ਦੀਆਂ ਟਰੇਡਾਂ ਦੀ ਐਫੀਲੇਸ਼ਨ ਬਾਰੇ ਪਤਾ ਕਰ ਲਿਆ ਜਾਵੇ:-

FOR ATTENTION OF ADMISSION SEEKERS TO NATIONAL COUNCIL FOR VOCATIONAL TRAINING (NCVT) APPROVED TRADES in ITIs

All admission seekers to NCVT approved various trades (Engineering/Non-Engineering), are advised in their own interest that they should confirm and satisfy themselves before seeking admission in any trade that the trade/Unit in the Industrial Training Institute (Govt.)/Industrial Training Centre (Pvt.) ITIs /ITCs) is affiliated to NCVT. The students of trades/units which are affiliated on the date of admission are only eligible for appearing in All India Trade Test for the award of National Trade Certificate.

The list of affiliated trades/units is available with respective institutes and respective State Directorates.

It is also informed in the interest of general public that NCVT/Govt. of India do not recognize any ITI/ITC. NCVT affiliates only the trades and its units run by a particular ITI/ITC.

NO ADMISSION IS ALLOWED IN NCVT TRADES WITHOUT AFFILIATION

25. ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਮੈਰਿਟ/ ਚੋਣ ਸੂਚੀਆਂ ਮੁਕੰਮਲ ਤੌਰ ਤੇ ਮਿਤੀ 26.09.2011 (ਸੋਮਵਾਰ) ਤੱਕ ਮੁੱਖ ਦਫਤਰ ਟ੍ਰੇਨਿੰਗ ਸ਼ਾਖਾ ਨੂੰ ਭੇਜਣਗੇ। ਚੇਅਰਮੈਨ ਦਾਖਲਾ ਚੋਣ ਕਮੇਟੀ-ਕਮ-ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਬਿਨਾਂ ਤਸਦੀਕ ਕੀਤੇ ਭੇਜੀਆਂ ਦਾਖਲਾ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਇਹ ਸੂਚਨਾ e-mail: dit_trg@yahoo.in ਤੇ ਵੀ ਭੇਜੀ ਜਾਵੇ। ਹਰੇਕ ਸੰਸਥਾ/ ਕੇਂਦਰ ਵਲੋਂ ਦਾਖਲਾ ਸੂਚਨਾ ਵਿਭਾਗ ਵਲੋਂ ਅਤੇ ਡੀਜੀਈਟੀ ਭਾਰਤ ਸਰਕਾਰ ਵਲੋਂ ਨਿਰਧਾਰਤ ਪ੍ਰੋਫਾਰਮੇਆਂ ਵਿਚ ਭਰ ਕੇ ਸਾਫਟ ਕਾਪੀ (ਸੀ.ਡੀ./ ਫਲੌਪੀ ਰਾਂਹੀਂ) ਅਤੇ ਹਾਰਡ ਕਾਪੀ ਵਿਚ ਤਿਆਰ ਕਰਕੇ ਟ੍ਰੇਨਿੰਗ ਸ਼ਾਖਾ ਨੂੰ ਦਸਤੀ ਤੌਰ ਤੇ ਵੀ ਭੇਜੀ ਜਾਵੇ।

ਮਿਤੀ, ਚੰਡੀਗੜ੍ਹ

ਵਿਵੇਕ ਪ੍ਰਤਾਪ ਸਿੰਘ ਆਈ.ਏ.ਐਸ.
ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।